# ਸਲਾਨਾ ਰਿਪੋਰਟ 2020-21

ਵੱਖ- ਵੱਖ ਕਾਲਜਾਂ ਤੋਂ ਆਏ ਪ੍ਰਿੰਸੀਪਲ ਸਹਿਬਾਨ , ਰਿਟਾਇਰਡ ਪ੍ਰੋਫੈਸਰ ਸਹਿਬਾਨ ਅਤੇ ਹੋਰ ਮਹਿਮਾਨ ਸਹਿਬਾਨ, ਮੈਂ ਆਪ ਜੀ ਦਾ ਕਾਲਜ ਦੇ ਸਲਾਨਾ ਇਨਾਮ ਵੰਡ ਸਮਾਗਮ ਵਿੱਚ ਹਾਰਦਿਕ ਸਵਾਗਤ ਕਰਦੀ ਹਾਂ। ਅੱਜ ਦੇ ਮੁੱਖ ਮਹਿਮਾਨ ਜੀ ਦੀ ਆਗਿਆ ਨਾਲ ਸਾਲ 2020 ਅਤੇ 2021 ਦੀ ਸਲਾਨਾ ਰਿਪੋਰਟ ਪੇਸ਼ ਕਰਦੀ ਹਾਂ।

ਵਿੱਦਿਅਕ ਸੰਸਥਾਵਾਂ ਵਿਦਿਆਰਥੀਆਂ ਦੀ ਚਹਿਲ ਪਹਿਲ, ਓਹਨਾਂ ਦੀਆਂ ਗਤੀਵਿਧੀਆਂ ਅਤੇ ਭਾਗੀਦਾਰੀ ਨਾਲ ਹੀ ਹਮੇਸ਼ਾਂ ਬੁਲੰਦ ਹੁੰਦੀਆਂ ਹਨ। ਸਾਲ 2020 ਅਤੇ 2021 ਦਾ ਵਰ੍ਹਾ ਪੂਰੀ ਤਰਾਂ ਕਰੋਨਾ ਮਹਾਂਮਾਰੀ ਨਾਲ ਪ੍ਰਭਾਵਿਤ ਰਿਹਾ। ਮਾਰਚ 2020 ਤੋਂ ਪਹਿਲਾਂ ਲਾਕਡਾਊਨ ਕਰਕੇ ਵਿੱਦਿਅਕ ਅਦਾਰੇ ਬੰਦ ਰਹੇ, ਓਹਨਾ ਦੀਆਂ ਪ੍ਰੀਖਿਆਵਾਂ ਪਹਿਲਾਂ ਲੰਬਿਤ ਰਹੀਆਂ, ਫਿਰ ਕੁਝ ਕਲਾਸਾਂ ਨੂੰ ਪ੍ਰਮੋਟ ਕਰ ਦਿੱਤਾ ਗਿਆ ਅਤੇ ਆਖ਼ਿਰੀ ਸਾਲ ਦੇ ਵਿਦਿਆਰਥੀਆਂ ਦੀਆਂ ਆਨਲਾਈਨ ਪ੍ਰੀਖਿਆਵਾਂ ਲੈ ਕੇ ਅਕਾਦਮਿਕ ਵਰ੍ਹਾ 2019-20, ਅਗਸਤ ਵਿਚ ਸੰਪਨ ਹੋਇਆ। ਇਸ ਦੌਰਾਨ ਵਿਦਿਆਰਥੀਆਂ, ਅਧਿਆਪਕਾਂ ਅਤੇ ਵਿੱਦਿਅਕ ਪ੍ਰਬੰਧਕਾਂ ਨੂੰ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਸਥਿਤੀ ਬਿਲਕੁਲ ਹੀ ਅਜੀਬੋ ਗਰੀਬ ਸੀ ਅਤੇ ਕਿਸੇ ਨੂੰ ਵੀ ਅਜਿਹੀ ਸਥਿਤੀ ਨਾਲ ਨਿਪਟਣ ਦਾ ਤਜਰਬਾ ਨਹੀਂ ਸੀ। ਇਸ ਸਭ ਦੇ ਬਾਵਜੂਦ, ਵਿਦਿਆਰਥੀਆਂ, ਅਧਿਆਪਕਾਂ ਅਤੇ ਵਿੱਦਿਅਕ ਪ੍ਰਸ਼ਾਸਕਾਂ ਨੇ ਬੜੀ ਦਲੇਰੀ ਅਤੇ ਹਿੰਮਤ ਨਾਲ ਪੜ੍ਹਾਈ ਜਾਰੀ ਰੱਖਣ ਦੇ ਨਵੇਂ ਆਯਾਮ ਲੱਭੇ, ਓਹਨਾ ਅੰਦਰ ਨਵਾਂਪਣ ਲੈ ਕੇ ਆਏ ਅਤੇ ਵਿੱਦਿਆ ਦੇ ਵਰਚਉਲ ਪਲੇਟਫਾਰਮ ਵਿੱਚ ਮੁਹਾਰਤ ਹਾਸਲ ਕੀਤੀ। ਭਾਂਵੇਂ ਕਿਇਸ ਪ੍ਰੀਕਿਰਿਆ ਵਿੱਚ ਹਾਲੇ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ, ਪਰ ਫਿਰ ਵੀ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਲੁਧਿਆਣਾ ਨੇ ਆਪਣੇ ਵਿਦਿਆਰਥੀਆਂ ਨੂੰ ਸਿੱਖਿਆ ਨਾਲ ਜੋੜੀ ਰੱਖਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਲਈ ਕਾਲਜ ਦੇ ਸਾਰੇ ਵਿਦਿਆਰਥੀ, ਅਧਿਆਪਕ ਅਤੇ ਵਿੱਦਿਅਕ ਪ੍ਰਸ਼ਾਸਕ ਵਧਾਈ ਦੇ ਪਾਤਰ ਹਨ।

ਸਾਲ 2019-20 ਜੋ ਕਿ ਕਾਲਜ ਦਾ ਸ਼ਤਾਬਦੀ ਵਰ੍ਹਾ ਸੀ ਅਤੇ ਉਸਦੀ ਸਮਾਪਤੀ ਭਾਵ ਮਾਰਚ 2020 ਆਪਣੇ ਆਪ ਵਿੱਚ ਇਤਿਹਾਸਿਕ ਸੀ, ਜਿਸਨੂੰ ਕਾਲਜ ਨੇ ਅਨੇਕਾਂ ਗਤੀਵਿਧੀਆਂ ਰਾਹੀਂ ਆਪਣੇ ਜੋਬਨ ਤੇ ਪਹੁੰਚਾਇਆ। ਇਹਨਾਂ ਗਤੀਵਿਧੀਆਂ ਵਿਚ ਅਲੂਮਨੀਮੀਟ, ਕਵੀਦਰਬਾਰ, ਸਾਹਿਰ ਲੁਧਿਆਣਵੀ

ਯਾਦਗਾਰੀ ਗੀਤਮਾਲਾ, ਸ਼ਹਿਰ ਨੂੰ ਸਮਰਪਿਤ ਨਾਟਕ, ਸੈਮੀਨਾਰ, ਕਾਨਫਰੰਸਾਂ ਅਤੇ ਬਹੁਤ ਸਾਰੀਆਂ ਵਿਦਿਆਰਥੀ ਉਪਯੋਗੀ ਗਤੀਵਿਧੀਆਂ ਸ਼ਾਮਲ ਸਨ। ਸਾਲ 2019-20, ਇਸ ਜੋਸ਼ ਨਾਲ ਸਮਾਪਤੀ ਵਲ ਸੀ ਕਿ ਸਾਲ 2020-21 ਦੀ ਆਮਦ ਕਈ ਨਵੇਂ ਸੁਨੇਹਿਆਂ, ਨਵੀ ਊਰਜਾ ਅਤੇ ਨਵੇਂ ਆਯਾਮ ਨਾਲ ਭਰੀ ਹੋਵੇਗੀ।

ਸਾਲ 2020-21 ਦੀ ਸ਼ੁਰੂਆਤ ਭਾਂਵੇ ਲਾਕਡਾਊਨ ਦੇ ਨਾਲ ਹੋਈ ਲੇਕਿਨ ਕਾਲਜ ਨੇ ਇੱਕ ਨਵੀਂ ਸ਼ੁਰੂਆਤ ਕੀਤੀ । ਇਸ ਨਵੀਂ ਸ਼ੁਰੂਆਤ ਵਿੱਚ ਅਨੇਕਾਂ ਗਤੀਵਿਧੀਆਂ ਅਤੇ ਨਵੇਂ ਆਯਾਮ ਸ਼ਾਮਿਲ ਸਨ।

ਕਾਲਜ ਵਲੋਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦੀ ਅਗਵਾਈ ਵਿੱਚ ਮਜਦੂਰਾਂ ਦਾ ਇੱਕ ਸਰਵੇ ਕਰਵਾ ਕੇ ਉਹਨਾਂ ਦੀਆਂ ਦੁੱਖ ਤਕਲੀਫ਼ਾਂ ਅਤੇ ਮੁਸ਼ਕਲਾਂ ਨੂੰ ਸਮਝਿਆ ਅਤੇ ਜਿਲਾ ਪ੍ਰਸ਼ਾਸਨ ਲਈ ਇੱਕ ਰਿਪੋਰਟ ਤਿਆਰ ਕਰਕੇ, 24 ਮਈ 2020 ਨੂੰ ਲੁਧਿਆਣਾ ਦੇ ਉਦਯੋਗਪਤੀਆਂ ਅਤੇ ਪ੍ਰੰਸ਼ਸਕਾਂ ਨਾਲ ਇੱਕ ਵਰਚਉਲ ਰਾਊਂਡਟੇਬਲ ਕਾਨਫਰੰਸ ਦਾ ਆਯੋਜਨ ਕਰਕੇ , ਜਿਸਦਾ ਵਿਸ਼ਾ ਸੀ "ਕੋਵਿਡ ਸੰਕਟ ਅਤੇ ਪ੍ਰਵਾਸੀ ਮਜ਼ਦੂਰਾਂ ਦਾ ਪਲਾਇਨ-ਚੁਣੌਤੀਆਂ ਅਤ ਹੱਲ"। ਇਸ ਵਰਚਉਲ ਰਾਊਂਡਟੇਬਲ ਕਾਨਫਰੰਸ ਵਿੱਚ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ਼੍ਰੀ ਪ੍ਰਦੀਪ ਅੱਗਰਵਾਲ, ਵਰਧਮਾਨ ਇੰਡਿਸਟਰੀਜ ਤੋਂ ਸ਼੍ਰੀ ਡੀ ਐਲ ਸ਼ਰਮਾ, ਹੀਰੋ ਗਰੁੱਪ ਤੋਂ ਡਾ. ਪ੍ਰੇਮ ਕੁਮਾਰ, ਉੱਘੇ ਅਰਥ ਸ਼ਾਸਤਰੀ ਡਾ.ਜੇ ਐਸ ਬੇਦੀ, ਕਰਨਲ ਜੇ ਐੱਸ ਗਿੱਲ, ਡਾ. ਤੇਜਿੰਦਰ ਸ਼ਰਮਾ, ਡਾ. ਅਸ਼ਵਨੀ ਭੱਲਾ, ਡਾ. ਧਰਮ ਸਿੰਘ ਨੇ ਆਪਣੇ ਵਿਚਾਰ ਰੱਖੇ।

6 ਜੂਨ, 2020 ਨੂੰ ਕਾਲਜ ਦੇ ਇੰਟਰਨਲ ਕਵਾਲਿਟੀ ਇੰਸ਼ੂਰੇਨਸ ਸੈੱਲ ਵੱਲੋਂ ਪੰਜਾਬ ਯੂਨੀਵਰਸਿਟੀ ਨਾਲ ਸੰਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ ਦੀ ਇੱਕ ਵਰਚਉਲ ਰਾਊਂਡਟੇਬਲ ਕਾਨਫਰੰਸ ਕਰਵਾਈ ਗਈ।

7 ਜੁਲਾਈ, 2020 ਨੂੰ ਇੰਟਰਨਲ ਕਵਾਲਿਟੀ ਇੰਸ਼ੂਰੇਨਸ ਸੈੱਲ ਵੱਲੋਂ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀ ਇੱਕ ਵਰਚਉਲ ਰਾਊਂਡਟੇਬਲ ਕਾਨਫਰੰਸ ਆਯੋਜਿਤ ਕੀਤੀ ਗਈ, ਜਿਸ ਵਿਚ ਅਨਲਾਕਿੰਗ ਆਫ ਹਾਇਰ ਐਜੂਕੇਸ਼ਨ ਵਿਸ਼ੇ ਤੇ ਵਿਚਾਰ ਕੀਤੀ ਗਈ।

ਮਿਸ਼ਨ ਫ਼ਤਿਹ ਲੁਧਿਆਣਾ: ਇੰਟਰਨਲ ਕਵਾਲਿਟੀ ਅਸੁਰੇਂਸ ਸੈਲੱ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੋਵਿਡ ਦੇ ਪ੍ਰਭਾਵ ਤੇ ਨੌਜਵਾਨਾਂ ਨੂੰ ਬਚਾਉਣ ਲਈ 28 ਅਗਸਤ, 2020 ਨੂੰ ਮਿਸ਼ਨ ਫ਼ਤਿਹ ਲੁਧਿਆਣਾ

ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਯੂਟਿਊਬ ਅਤੇ ਜ਼ੂਮ ਰਾਹੀਂ 4200 ਵਿਦਿਆਰਥੀਆਂ ਨੇ ਹਿੱਸਾ ਲਿਆ।

ਰਾਸ਼ਟਰੀ ਸੈਮੀਨਾਰ-ਅੰਡਰਸਟੈਂਡਿੰਗ ਇੰਡੀਆ ਇਕਨਾਮਿਕਸ ਲੋਡਾਊਨ-ਇੰਡਸਟਰੀ ਐਂਡ ਬਿਜਨੈਸ ਪਰਸਪੈਕਟਿਵ: 11 ਸਿਤੰਬਰ, 2020 ਨੂੰ ਕਾਲਜ ਦੇ ਇੰਟਰਨਲ ਕਵਾਲਿਟੀ ਇੰਸ਼ੋਰੈਂਸ ਸੈੱਲ ਵੱਲੋਂ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਦੇ ਮੁੱਖ ਵਕਤ ਡਾ. ਸੁਧਾਨਸੁਕੁਮਾਰ, ਪ੍ਰੋਫੈਸਰ ਸੈਂਟਰ ਫ਼ਾਰ ਇਕਨਾਮਿਕ ਪਾਲਿਸੀ ਅਤੇ ਪਬਲਿਕ ਫਾਇਨਾਂਸ, ਏਸ਼ੀਅਨ ਡਿਵੈਲਪਮੈਂਟ ਰਿਸਰਚ ਇੰਸਟੀਟਿਊਟਸਨ। ਉਹਨਾਂ ਨੇ ਭਾਰਤ ਵਿੱਚ ਆਰਥਿਕ ਮੰਦੀ ਅਤੇ ਇੰਡਸਟਰੀ ਅਤੇ ਬਿਜ਼ਨੈੱਸ ਪਰਸਪੈਕਟਿਵ ਵਿਸ਼ੇ ਤੇ ਰੋਸਨੀ ਪਾਈ।

ਐੱਸ ਸੀ ਡੀ -ਪੀ ਸੀ ਐਮ ਏ ਯੂਥ ਕਾਨਫਰੰਸ: 27 ਨਵੰਬਰ 2020 ਨੂੰ ਕਾਲਜ ਨੇ ਪੰਜਾਬ ਯੂਥ ਡਿਵੈਲਪਮੈਂਟ ਬੋਰਡ ਸਹਾਇਤਾ ਨਾਲ ਇੱਕ ਯੂਥ ਕਾਨਫਰੰਸ ਦਾ ਆਯੋਜਿਤ ਕੀਤਾ। ਇਸ ਯੂਥ ਕਾਨਫਰੰਸ ਨੂੰ ਪੰਜਾਬ ਯੂਥ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਇੰਜੀਨੀਅਰ ਐੱਸ ਐੱਸ ਬਿੰਦ੍ਰਾ ਨੇ ਸੰਬੋਧਿਤ ਕੀਤਾ।

ਦਸੰਬਰ 2020 ਵਿੱਚ ਐੱਨ.ਐੱਸ.ਐੱਸ. ਵਲੋਂ ਕਲੀਨ ਬੱਢਾ ਨਾਲਾ ਪ੍ਰੋਜੈਕਟ ਅਧੀਨ ਸੱਤ ਦਿਨਾਂ ਕੈਂਪ ਆਯੋਜਿਤ ਕੀਤਾ।

ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੀਆਂ ਸਿੱਖਿਆਵਾਂ ਤੇ ਸੈਮੀਨਾਰ: 22 ਜਨਵਰੀ, 2021 ਨੂੰ ਕਾਲਜ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਦੇ ਸਹਿਯੋਗ ਨਾਲ, ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੀਆਂ ਸਿੱਖਿਆਵਾਂ ਤੇ ਕੇਂਦਰਿਤ ਇੱਕ ਰਾਸ਼ਟਰੀ ਸੈਮੀਨਾਰ ਦਾ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਦੇ ਮੁੱਖ ਮਹਿਮਾਨ, ਕੇਂਦਰੀ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼ ਦੇ ਚਾਂਸਲਰ, ਡਾ. ਹਰਮੋਹਿੰਦਰ ਸਿੰਘ ਬੇਦੀ ਰਹੇ।

ਸ਼੍ਰੀ ਜੈ ਸ਼ੰਕਰ ਪ੍ਰਸਾਦ ਜੀ ਦੀ ਜੈਅੰਤੀ: ਕਾਲਜ ਦੇ ਹਿੰਦੀ ਵਿਭਾਗ ਵੱਲੋਂ, 30 ਜਨਵਰੀ 2021 ਨੂੰ ਹਿੰਦੀ ਦੇ ਪ੍ਰਸਿੱਧ ਨਾਟਕਾਰ, ਸ਼੍ਰੀ ਜੈ ਸ਼ੰਕਰ ਪ੍ਰਸਾਦ ਜੀ ਜਯੰਤੀ ਦੇ ਮੌਕੇ ਤੇ ਇੱਕ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਕੀਤਾ।

100 ਸਾਲਾ ਯਾਦਗਾਰੀ ਸਮਾਰਕ: 15 ਫਰਵਰੀ, 2021 ਨੂੰ ਕਾਲਜ ਦੇ 100 ਸਾਲਾਂ ਨੂੰ ਸਮਰਪਿਤ ਇੱਕ ਯਾਦਗਾਰੀ ਸਮਾਰਕ ਦਾ ਉਦਘਾਟਨ, ਜਿਲੇ ਦੇ ਡਿਪਟੀ ਕਮਿਸ਼ਨਰ ਸ਼੍ਰੀ ਵਰਿੰਦਰ ਸ਼ਰਮਾ ਜੀ ਵੱਲੋਂ

ਕੀਤਾ ਗਿਆ । ਇਸ ਸਮਾਰਕ ਦਾ ਨਿਰਮਾਣ, ਲੁਧਿਆਣਾ ਦੇ ਪ੍ਰਸਿੱਧ ਉਧਯੋਗਿਕ ਘਰਾਣੇ ਕੰਗਾਰੂ ਇੰਡਸਟਰੀਜ ਵੱਲੋਂ ਸਹਿਯੋਗ ਦੇ ਕੇ ਕਰਵਾਇਆ ਗਿਆ ਹੈ।

ਰੈੱਡ ਰਿਬਨ ਕਲੱਬ, ਵੋਮੈਨ ਡਿਵੈਲਪਮੈਂਟ ਸੈੱਲ, ਰੈੱਡ ਕਰਾਸ ਸੁਸਾਇਟੀ, ਮਿਊਜ਼ਿਕ ਕਲੱਬ ਅਤੇ ਐੱਨ. ਐੱਸ. ਐੱਸ. ਵਲੋ ਅਨੇਕਾਂ ਪ੍ਰੋਗਰਾਮ ਆਯੋਜਿਤ ਕੀਤੇ ਗਏ।

ਸ਼ਾਲਾਨਾ ਖੇਡ ਸਮਾਰੋਹ: ਕੋਵਿਡ ਪ੍ਰਕੋਪ ਤੋਂ ਬਚਾਅ ਲਈ ਸਟੈਂਡਰਡ ਆਪਰੇਟਿੰਗ ਪਰੋਸਿਜਰ ਨੂੰ ਮੁੱਖ ਰੱਖਦਿਆਂ ਕਾਲਜ ਦਾ 101 ਵਾਂ ਸਾਲਾਨਾ ਖੇਡ ਸਮਾਰੋਹ ਇਸ ਵਾਰ 5 ਮਾਰਚ, 2021 ਨੂੰ ਕੇਵਲ ਇੱਕ ਦਿਨ ਵਿੱਚ ਹੀ ਸਮੇਟਣਾ ਪਿਆ। ਇਸ ਖੇਡ ਸਮਾਰੋਹ ਦੇ ਉਦਘਾਟਨੀ ਸਮਾਗਮ ਵਿੱਚ ਇੰਜੀਨੀਅਰ ਸੁਖਵਿੰਦਰ ਸਿੰਘ ਬਿੰਦ੍ਰਾ, ਚੇਅਰਮੈਨ, ਪੰਜਾਬ ਯੂਥ ਡਿਵੈਲਪਮੈਂਟ ਬੋਰਡ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਸਮਾਪਤੀ ਸਮਾਗਮ ਵਿੱਚ ਕੈਪਟਨ ਸੰਦੀਪ ਸੰਧੂ, ਮਾਨਯੋਗ ਮੁੱਖ ਮੰਤਰੀ ਪੰਜਾਬ ਦੇ ਸਲਾਹਕਾਰ ਨੇ ਸ਼ਿਰਕਤ ਕੀਤੀ।

13 ਮਾਰਚ 2021 ਨੂੰ ਮੁਹੰਮਦ ਉਸਮਾਨ ਰਹਿਮਾਨੀ ਦੀ ਲਿਖੀ ਪੁਸਤਕ ਦਸਤਾਨ-ਏ-ਲੁਧਿਆਣਾ ਦਾ ਸਾਹਿਰ ਆਡੀਟੋਰੀਅਮ ਵਿੱਚ ਰਿਲੀਜ਼ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਭਾਰਤ ਭੂਸ਼ਨ ਆਸ਼ੂ ਜੀ ਕੈਬਿਨੇਟ ਮੰਤਰੀ , ਪੰਜਾਬ ਸਰਕਾਰ ਸ਼ਾਮਿਲ ਹੋਏ।

ਨੈਕ ਵਰਕਸ਼ਾਪ: ਮਿਤੀ 22 ਅਤੇ 23 ਅਪ੍ਰੈਲ , 2021 ਨੂੰ ਕਾਲਜ ਦੀ ਨੈਕ ਕਰਵਾਉਣ ਲਈ ਦੋ ਦਿਨਾਂ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਕੁੰਜੀਵਤ ਭਾਸ਼ਣ ਡਾ. ਖੁਸ਼ਵਿੰਦਰ ਕੁਮਾਰ, ਪ੍ਰਿੰਸੀਪਲ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਨੇ ਦਿੱਤਾ ਅਤੇ ਡੀਨ ਅਕਾਦਮ ਮਾਮਲੇ ਡਾ. ਅਸ਼ਵਨੀ ਭੱਲਾ ਨੇ ਬਤੌਰ ਰਿਸੋਰਸ ਪਰਸਨ ਅਧਿਆਪਕਾਂ ਨੂੰ ਟ੍ਰੇਨਿੰਗ ਦਿੱਤੀ।

ਮਿਤੀ 28 ਅਪ੍ਰੈਲ, 2021 ਨੂੰ ਕਾਲਜ ਦੇ ਐੱਨ ਐੱਸ ਐੱਸ, ਪੰਜਾਬੀ ਵਿਭਾਗ, ਇਤਿਹਾਸ ਵਿਭਾਗ ਅਤੇ ਪੰਜਾਬ ਕਾਮਰਸ ਅਤੇ ਮੈਨੇਜਮੈਂਟ ਐਸੋਸੀਏਸ਼ਨ ਦੇ ਸਹਿਯੋਗ ਨਾਲ ਸ਼੍ਰੀ ਗੁਰੁ ਤੇਗ ਬਹਾਦੁਰ ਜੀਦੇ 400 ਸਾਲਾਂ ਸਮਾਗਮਾਂ ਦੀ ਲੜੀ ਵਿਚ ਇੱਕ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ। ਪੰਜਾਬੀ, ਕਾਮਰਸ, ਇਤਿਹਾਸ, ਰਾਜਨੀਤਿਕ ਸ਼ਾਸਤਰ, ਅਤੇ ਅੰਗਰੇਜ਼ੀ ਵਿਭਾਗਾਂ ਵਲੋਂ ਅਨੇਕਾਂ ਸੈਮੀਨਾਰ ਕਰਵਾਏ ਗਏ।

**5 ਜੂਨ 2021 ਨੂੰ ਵਣ ਮਹਾਂਉਤਸਵ ਕਰਵਾਇਆ ਗਿਆ ਜਿਸ ਵਿੱਚ ਸ਼੍ਰੀਮਤੀ ਮਮਤਾ ਆਸ਼ੂ ਜੀ ਨੇ ਪੋਦ ਆਰੋਪਣ ਕੀਤਾ।**

ਸੰਤ ਸਾਹਿਤ ਤੇ ਰਾਸ਼ਟਰੀ ਸੈਮੀਨਾਰ: 6 ਜੂਨ 2021 ਨੂੰ ਹਿੰਦੀ ਵਿਭਾਗ ਵੱਲੋਂ "ਸੰਤ ਸਾਹਿਤ ਦੀ ਪ੍ਰਸੰਗਿਤਾ ਵਿਸ਼ੇ" ਤੇ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ। ਇਸ ਸੈਮੀਨਾਰ ਵਿੱਚ ਸ਼੍ਰੀ ਵਿਨੋਦ ਘੱਘਰ, ਡਾ. ਅਰੁਣਾ ਰਾਜਿੰਦਰ ਸ਼ੁਕਲ, ਡਾ. ਅਸ਼ਵਨੀ ਭੱਲਾ, ਪ੍ਰਿੰਸੀਪਲ ਡਾ. ਗੁਰਪ੍ਰੀਤ ਕੌਰ, ਡਾ. ਸੌਰਭ ਕੁਮਾਰ, ਡਾ. ਉਮਾ ਸ਼ੰਕਰ, ਡਾ. ਪਰਮੇਸ਼ਰ ਕੁਮਾਰ, ਡਾ. ਅਨੁਜ ਦਿਵੇਦੀ, ਡਾ. ਕਾਮਰਾਜ ਅਤੇ ਡਾ. ਅਨੂ ਸ਼ਰਮਾ ਕੋਲ ਨੇ ਆਪਣੇ ਵਿਚਾਰ ਰੱਖੇ।

21 ਜੂਨ 2021 ਨੂੰ ਕਾਲਜ ਨੇ ਅੰਤਰ ਰਾਸ਼ਟਰੀ ਯੋਗ ਦਿਵਸ ਦੇ ਮੌਕੇ ਤੇ ਭਾਰਤੀ ਯੋਗ ਸੰਸਥਾਨ ਦੇ ਸਹਿਯੋਗ ਨਾਲ ਯੋਗਸ਼ਾਲਾ ਦਾ ਆਯੋਜਨ ਕੀਤਾ।

**22 ਜੂਨ 2021 ਨੂੰ** 'Explosing the Future with Mathematics' **ਪ੍ਰੋਗਰਾਮ ਡਾ. ਸੱਤਿਆ ਰਾਣੀ ਦੀ ਅਗਵਾਈ ਹੇਠ ਕਰਵਾਇਆ ਗਿਆ।**

**23 ਜੂਨ 2021 ਨੂੰ ਮਿਊਜ਼ਿਕ ਕਲੱਬ ਵਲੋਂ ਅੰਤਰ ਰਾਸ਼ਟਰੀ ਗਜ਼ਲ ਮੁਕਾਬਲਾ ਕਰਵਾਇਆ ਗਿਆ।**

ਵੇਕਸੀਨੇਸ਼ਨ ਕੈਂਪ: ਕਾਲਜ ਦੇ ਐੱਨ ਐੱਸ ਐੱਸ ਅਤੇ ਐਨ ਸੀ ਸੀ ਦੇ ਸਹਿਯੋਗ ਨਾਲ ਵੇਕਸੀਨੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਲਗੱਪਗ 500 ਵਿਦਿਆਰਥੀਆਂ ਨੂੰ ਕੋਵਿਡ ਵੈਕਸੀਨ ਲਗਾਈ ਗਈ।

24 ਜੂਨ, 2021 ਨੂੰ ਕਾਲਜ ਦੇ ਸ਼ਾਮ ਦੇ ਕਾਲਜ , ਆਈ ਕਿਉ ਏ ਸੀ ਅਤੇ ਯੁਵਕ ਭਲਾਈ ਵਿਭਾਗ ਪੰਜਾਬ ਯੁਨੀਵਰਸਿਟੀ ਵੱਲੋਂ ਸੰਤ ਕਬੀਰ ਦਾਸ ਬਾਣੀ ਦੀ ਆਧੁਨਿਕ ਸੰਦਰਭ ਵਿੱਚ ਸਾਰਥਿਕਤਾ ਵਿਸ਼ੇ ਤੇ ਇੱਕ ਦਿਨਾਂ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿਚ ਪੰਜਾਬ ਯੁਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਾਜ ਕੁਮਾਰ, ਕੇਂਦਰੀ ਯੁਨੀਵਰਸਿਟੀ ਬਠਿੰਡਾ ਦੇ ਚਾਂਸਲਰ, ਡਾ. ਜਗਬੀਰ ਸਿੰਘ, ਸ਼੍ਰੀ ਜਸਵੰਤ ਜ਼ਫਰ, ਡਾ. ਪਿਆਰਾ ਲਾਲ ਗਰਗ ਡਾ. ਨਿਰਮਲ ਜੋੜਾ, ਡਾ. ਅਸ਼ਵਨੀ ਭੱਲਾ ਅਤੇ ਪ੍ਰਿੰਸੀਪਲ ਦਾ ਗੁਰਪ੍ਰੀਤ ਕੌਰ ਨੇ ਆਪਣੇ ਵਿਚਾਰ ਰੱਖੇ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਪਰਮਜੀਤ ਪੰਜਾਬੀ ਜੀ ਨੇ ਨਿਭਾਈ।

ਡਾ. ਅਸ਼ਵਨੀ ਭੱਲਾ ਨੂੰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਸਲਾਹਕਾਰ ਕਮੇਟੀ ਦੇ ਮੈਂਬਰ ਵੱਜੋਂ ਨਾਮਜਦ ਕੀਤਾ ਗਿਆ: ਮਿਤੀ 22 ਜੁਲਾਈ 2021 ਨੂੰ ਵਿਸ਼ੇਸ਼ ਨੋਟੀਫਿਕੇਸ਼ਨ ਰਾਹੀਂ ਡਾ. ਅਸ਼ਵਨੀ ਭੱਲਾ ਨੂੰ ਇਹ ਸਨਮਾਨ ਦਿੱਤਾ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਭਵਨ (ਰੂਸਾ ਬਲਾਕ) ਦਾ ਨੀਂਹ ਪੱਥਰ: ਮਿਤੀ 30/7/2021 ਨੂੰ, ਸ਼੍ਰੀ ਭਾਰਤ ਭੂਸ਼ਨ ਆਸ਼ੂ ਜੀ, ਖੁਰਾਕ, ਸਿਵਿਲ ਸਪਲਾਇਜ ਅਤੇ ਉਪਭੋਗਤਾ ਮਾਮਲੇ ਮੰਤਰ ਪੰਜਾਬ ਸਰਕਾਰ ਨੇ ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ ਤਹਿਤ ਉਸਾਰੇ ਜਾਣ ਵਾਲੇ ਸ਼੍ਰੀ ਗੁਰੂ ਗੋਬਿੰਦ ਸਿੰਘ ਭਵਨ ਜਿਸ ਵਿੱਚ ਸੈਮੀਨਾਰ ਹਾਲ ਅਤੇ ਪ੍ਰਸ਼ਾਸਕੀ ਬਲਾਕ ਸ਼ਾਮਲ ਹੈ, ਦਾ ਨੀਂਹ ਪੱਥਰ ਰੱਖਿਆ । ਇਸ ਭਵਨ ਤੇ ਲਗੱਪਗ ਇੱਕ ਕਰੋੜ 55 ਲੱਖ ਰੁਪਏ ਦਾ ਖਰਚ ਆਵੇਗਾ ਜੋ ਕਿ ਅਗਲੇ ਸੱਤ ਅੱਠ ਮਹੀਨਿਆਂ ਵਿੱਚ ਬਣਕੇ ਤਿਆਰ ਹੋ ਜਾਵੇਗਾ। ਇਸ ਦਾ ਨਿਰਮਾਣ ਲੋਕ ਨਿਰਮਾਣ ਵਿਭਾਗ ਪੰਜਾਬ ਵਲੋਂ ਕੀਤਾ ਜਾਵੇਗਾ। ਸ਼੍ਰੀ ਭਾਰਤ ਭੂਸ਼ਨ ਆਸ਼ੂ ਜੀ ਨੇ ਦੱਸਿਆ ਕਿ ਇੰਪੂਰਵਮੈਂਟ ਟਰੱਸਟ ਲੁਧਿਆਣਾ ਵੱਲੋਂ 10 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਹਜ਼ਾਰ ਦਰਸ਼ਕਾਂ ਦੀ ਸਮਰਥਾ ਵਾਲਾ ਸਾਹਿਰ ਆਡੀਟੋਰੀਅਮ ਐੱਸ ਸੀ ਡੀ ਸਰਕਾਰੀ ਕਾਲਜ ਲੁਧਿਆਣਾ ਨੂੰ ਉਸਾਰ ਕੇ ਦਿੱਤਾ ਜਾਵੇਗਾ। ਓਹਨਾ ਆਖਿਆ ਇਸ ਲਈ ਪੰਜਾਬ ਸਰਕਾਰ ਦੀ ਮਨਜ਼ੂਰੀ ਮਿਲ ਗਈ ਹੈ, ਅਤੇ ਕੁਝ ਦਿਨਾਂ ਵਿੱਚ ਟੈਂਡਰ ਪ੍ਰਕਿਰਿਆ ਮੁਕੰਮਲ ਹੋ ਜਾਵੇਗੀ ਅਤੇ ਵਰਕ ਅਲਾਟਮੈਂਟ ਹੋਣ ਉਪਰੰਤ ਕੰਮ ਸ਼ੁਰੂ ਹੋ ਜਾਵੇਗਾ ਅਤੇ ਜਿਸ ਨਾਲ ਇਸ ਸਰਕਾਰੀ ਕਾਲਜ ਦੇ ਆਮਦਨ ਸਰੋਤ ਵੀ ਵਧਣਗੇ ਅਤੇ ਸਾਹਿਰ ਲੁਧਿਆਣਵੀ ਦੀ ਯਾਦਗਾਰ ਵੀ ਸਥਾਪਿਤ ਹੋਵੇਗੀ। ਉਹਨਾ ਕਿਹਾ ਕਿ ਬਰਸਾਤਾਂ ਖਤਮ ਹੁੰਦਿਆਂ ਹੀ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਲੁਧਿਆਣਾ ਦੇ ਅੰਦਰ ਦੀਆਂ ਸੜਕਾਂ ਦਾ ਕੰਮ ਨੇਪਰੇ ਚੜ ਜਾਵੇਗਾ ਜਿਸ ਉੱਪਰ 44 ਲੱਖ ਰੁਪਏ ਦੀ ਰਾਸ਼ੀ ਨਗਰ ਨਿਗਮ ਲੁਧਿਆਣਾ ਵੱਲੋਂ ਖਰਚ ਕੀਤੀ ਜਾਵੇਗੀ। ਸ਼੍ਰੀ ਭਾਰਤ ਭੂਸ਼ਨ ਆਸ਼ੂ ਜੀ ਨੇ ਲੁਧਿਆਣਾ ਦੇ ਮੇਅਰ ਸ਼੍ਰੀ ਬਲਕਾਰ ਸੰਧੂ ਜੀ ਨੂੰ ਕਾਲਜ ਦੀ ਹਾਕੀ ਗਰਾਊਂਡ ਉੱਪਰ ਸਮਾਰਟ ਸਿਟੀ ਪ੍ਰੋਜੈਕਟ ਤਹਿਤ ਅਸਟਰੋਟਰਫ ਲਗਵਾਉਣ ਦੇ ਹੁਕਮ ਵੀ ਦਿੱਤੇ। ਉਹਨਾ ਆਖਿਆ ਕਿ ਆਉਣ ਵਾਲੇ ਸਮੇਂ ਵਿੱਚ ਕਾਲਜ ਦੇ ਸਪੋਰਟਸ ਢਾਂਚੇ ਵਿੱਚ ਸੁਧਾਰ ਲਿਆਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ ਜਿਸ ਵਿਚ ਸਵਿੰਮਿੰਗ ਪੂਲ ਅਤੇ ਸ਼ੂਟਿੰਗ ਰੇਂਜ ਦੀ ਉਸਾਰੀ ਸ਼ਾਮਿਲ ਹੈ।

ਸਮੇਂ ਦੇ ਨਾਲ ਨਾਲ ਇਹ ਕਾਲਜ ਅਨੇਕਾਂ ਵਿਸ਼ੇਸ਼ਤਾਵਾਂ ਦਾ ਹਾਣੀ ਬਣਿਆ ਹੈ ਅਤੇ ਭਵਿੱਖ ਲਈ ਵੀ ਅਨੇਕਾਂ ਯੋਜਨਾਵਾਂ ਉਲੀਕੀਆਂ ਗਈਆਂ ਹਨ ਅਤੇ ਗੌਰਵਮਈ ਭਵਿੱਖ ਦੀ ਉਡੀਕ ਹੈ। ਆਪਣੇ ਅਲਪਕਾਰਜ ਕਾਲ ਵਿੱਚ ਮੈ ਜੋ ਸੁਧਾਰ ਇਸ ਕਾਲਜ ਲਈ ਕਰ ਸਕਦੀ ਸੀ ਉਹ ਯਤਨ ਕੀਤੇ ਗਏ ਅਤੇ ਇਸ ਕਾਲਜ ਨੂੰ ਸ਼ੁਭ ਕਾਮਨਾਵਾਂ ਦਿੰਦੀ ਹਾਂ।